# ਸੁਰਖਿਅਤ ਅਤੇ ਅਨੁਕੂਲ ਸਕੂਲ ਤਿਆਰ ਕਰਨਾ: ਅਨੁਕੂਲ ਸਕੂਲਾਂ ਸਬੰਧੀ ਕਾਨੂੰਨ (ਬਿੱਲ 13) ਬਾਰੇ ਮਾਤਾ-ਪਿਤਾ ਲਈ ਜਾਣਕਾਰੀ

ਅਸੀਂ ਜਾਣਦੇ ਹਾਂ ਕਿ ਸੁਰਖਿਅਤ, ਸ਼ਮੂਲੀਅਤ ਅਤੇ ਪ੍ਰਵਾਨਗੀ ਵਾਲਾ ਅਨੁਕੂਲ ਸਕੂਲ ਵਿਦਿਆਰਥੀ ਦੀ ਪ੍ਰਾਪਤੀ ਅਤੇ ਭਲਾਈ ਲਈ ਜ਼ਰੂਰੀ ਹੈ।

ਇਸ ਕਰਕੇ ਸਰਕਾਰ ਨੇ *ਅਨੁਕੂਲ ਸਕੂਲਾਂ ਸਬੰਧੀ ਬਿੱਲ* 13 ਪੇਸ਼ ਕੀਤਾ ਸੀ, ਜੋ ਕਿ ਹੁਣ ਕਾਨੂੰਨ ਬਣ ਗਿਆ ਹੈ।

## ਬਿੱਲ 13 ਕੀ ਹੈ?

ਬਿੱਲ 13 ਸਕੂਲ ਬੋਰਡਾਂ ਤੋਂ ਚਾਹੁੰਦਾ ਹੈ ਕਿ ਉਹ ਸਾਡੇ ਸਕੂਲਾਂ ਵਿੱਚ ਵਿਦਿਆਰਥੀਆਂ ਵਿਚਕਾਰ ਅਢੁਕਵੇਂ ਅਤੇ ਸਤਿਕਾਰ ਨਾ ਕਰਨ ਵਾਲੇ ਵਿਹਾਰ ਨੂੰ ਰੋਕਣਾ ਅਤੇ ਉਸਨੂੰ ਸੁਲਝਾਉਣ। ਇਹਨਾਂ ਵਿਹਾਰਾਂ ਵਿੱਚ ਧੱਕੜਬਾਜ਼ੀ, ਪੱਖਪਾਤ ਅਤੇ ਤੰਗ-ਪਰੇਸ਼ਾਨ ਕਰਨਾ ਸ਼ਾਮਿਲ ਹੈ। ਨਵਾਂ ਕਾਨੂੰਨ ਇਹ ਸਪਸ਼ਟ ਕਰਦਾ ਹੈ ਕਿ ਇਹ ਵਿਹਾਰ ਸਾਡੇ ਸਕੂਲਾਂ ਵਿੱਚ ਪ੍ਰਵਾਨ ਨਹੀਂ ਹਨ। ਇਹ ਜਾਤੀ, ਲਿੰਗ, ਜਿਨਸੀ ਰੁਝਾਣ, ਅਪੰਗਤਾ ਜਾਂ ਕਿਸੇ ਹੋਰ ਕਾਰਣ ਨੂੰ ਧਿਆਨ ਵਿੱਚ ਰੱਖੇ ਬਿਨਾ ਸਾਰੇ ਵਿਦਿਆਰਥੀਆਂ ਲਈ ਸਤਿਕਾਰ ਅਤੇ ਸੂਝ-ਬੂਝ ਨੂੰ ਉਤਸਾਹਿਤ ਕਰਦਾ ਹੈ।

## ਬਿੱਲ 13, ਸਕੂਲਾਂ ਅਤੇ ਬੋਰਡਾਂ ਨੂੰ, ਧੱਕੜਬਾਜੀ ਸਮੇਤ ਅਢੁਕਵੇਂ ਵਿਹਾਰ ਨੂੰ ਰੋਕਣ ਅਤੇ ਉਸਨੂੰ ਸੁਲਝਾਉਣ ਵਿੱਚ ਕਿਵੇਂ ਮਦਦ ਕਰਦਾ ਹੈ?

ਇਹ, ਬੋਰਡਾਂ ਅਤੇ ਸਕੂਲਾਂ ਵੱਲੋਂ ਪਹਿਲਾਂ ਹੀ ਕੀਤੇ ਗਏ ਕੰਮ ਦੇ ਅਧਾਰ ਤੇ ਬਣਿਆ ਹੈ। ਬਿੱਲ 13 ਚਾਹੁੰਦਾ ਹੈ ਕਿ ਬੋਰਡ:

- ਅਨੁਸ਼ਾਸਨ ਵਧਾਉਣ, ਧੱਕੜਬਾਜ਼ੀ ਰੋਕਣ ਅਤੇ ਦਖ਼ਲਅੰਦਾਜ਼ੀ ਅਤੇ ਬਰਾਬਰੀ ਅਤੇ ਸ਼ਮੂਲੀਅਤ ਵਾਲੀ ਸਿਖਿਆ ਬਾਰੇ ਪਾਲਿਸੀਆਂ ਨੂੰ ਲਾਗੂ ਕਰਨ।
- ਉਹਨਾਂ ਵਿਦਿਆਰਥੀ ਲਈ ਸਖ਼ਤ ਨਤੀਜਿਆਂ ਬਾਰੇ ਵਿਚਾਰ ਕਰਨ, ਜਿਹੜੇ ਹੋਰਨਾਂ ਤੇ ਰੋਹਬ ਪਾਉਂਦੇ ਹਨ। ਇਸ ਵਿੱਚ ਮੁਅੱਤਲ ਕਰਨਾ ਅਤੇ ਸਕੂਲੋਂ ਕੱਢਣ ਬਾਰੇ ਵਿਚਾਰ ਕਰਨਾ ਸ਼ਾਮਿਲ ਹੋ ਸਕਦਾ ਹੈ, ਜੇ:
  - ਵਿਦਿਆਰਥੀ ਨੂੰ ਧੱਕੜਪੁਣੇ ਕਰਕੇ ਪਹਿਲਾਂ ਹੀ ਮੁਅੱਤਲ ਕੀਤਾ ਗਿਆ ਹੈ ਅਤੇ ਸਕੂਲ ਵਿੱਚ ਵਿਦਿਆਰਥੀ ਦੀ ਮੌਜੂਦਗੀ ਨਾਲ ਹੋਰਨਾਂ ਦੀ ਸੁਰਖਿਆ ਲਈ ਅਪ੍ਰਵਾਨਯੋਗ ਖ਼ਤਰਾ ਪੈਦਾ ਹੁੰਦਾ ਹੈ, ਜਾਂ
  - ਧੱਕੜਬਾਜ਼ੀ, ਪੱਖਪਾਤ, ਪਹਿਲਾਂ ਤੋਂ ਬਣੀ ਧਾਰਣਾ ਜਾਂ ਨਫ਼ਰਤ ਤੋਂ ਪ੍ਰੇਰਤ ਸੀ।

  ਸਿਖਿਆ ਕਾਨੂੰਨ ਨੂੰ ਪਹਿਲਾਂ ਹੀ, ਮੁਅੱਤਲ ਕੀਤੇ ਗਏ ਜਾਂ ਸਕੂਲੋਂ ਕੱਢੇ ਗਏ ਵਿਦਿਆਰਥੀਆਂ ਲਈ ਮਦਦ ਚਾਹੀਦੀ ਹੈ:
  - ਜੇ ਵਿਦਿਆਰਥੀਆਂ ਨੂੰ ਕੱਢਿਆ ਜਾਂ ਲੰਮੇ ਸਮੇਂ (ਪੰਜ ਸਕੂਲ ਦਿਨਾਂ ਤੋਂ ਵੱਧ) ਲਈ ਮੁਅੱਤਲ ਕੀਤਾ ਗਿਆ ਹੈ, ਤਾਂ ਉਹਨਾਂ ਨੂੰ ਮੁਅੱਤਲੀ/ਬਾਹਰ ਕੱਢਣ ਸਬੰਧੀ ਪ੍ਰੋਗਰਾਮ ਰਾਹੀਂ ਅਕਾਦਮਿਕ/ਗ਼ੈਰ-ਅਕਾਦਮਿਕ ਮਦਦ ਮਿਲੇਗੀ। ਜਿਹਨਾਂ ਵਿਦਿਆਰਥੀਆਂ ਨੂੰ ਪੰਜ ਸਕੂਲ ਦਿਨਾਂ ਤੱਕ ਲਈ ਮੁਅੱਤਲ ਕੀਤਾ ਗਿਆ ਹੈ, ਉਹਨਾਂ ਨੂੰ ਘਰ ਵਿੱਚ ਕਰਨ ਲਈ ਸਕੂਲ ਦੇ ਕੰਮ ਦਾ ਪੈਕੇਜ ਮਿਲੇਗਾ।
- ਅਧਿਆਪਕਾਂ ਅਤੇ ਸਕੂਲ ਦੇ ਹੋਰ ਸਟਾਫ਼ ਨੂੰ, ਸਲਾਨਾ ਅਧਾਰ ਤੇ, ਧੱਕੜਪੁਣੇ ਨੂੰ ਰੋਕਣ ਅਤੇ ਸਕੂਲ ਵਿੱਚ ਉਸਾਰੂ ਮਾਹੌਲ ਨੂੰ ਪ੍ਰੇਰਣ ਬਾਰੇ ਸਿਖਲਾਈ ਅਤੇ ਜਾਣਕਾਰੀ ਦੇਣਾ।
- ਆਪਣੀਆਂ ਬਹੁ-ਸਾਲਾਂ ਯੋਜਨਾਵਾਂ ਵਿੱਚ, ਸਕੂਲ ਦੇ ਉਸਾਰੂ ਮਾਹੌਲ ਅਤੇ ਧੱਕੜਬਾਜ਼ੀ ਦੀ ਰੋਕਥਾਮ ਦੇ ਟੀਚੇ ਸ਼ਾਮਲ ਕਰਨਾ ਅਤੇ ਇਹਨਾਂ ਯੋਜਨਾਵਾਂ ਬਾਰੇ ਲੋਕਾਂ ਨੂੰ ਦੱਸਣਾ।

## ਕੀ ਬਿੱਲ 13 ਪ੍ਰਿੰਸੀਪਲਾਂ ਦੀ ਭੂਮਿਕਾ ਵਿੱਚ ਤਬਦੀਲੀ ਲਿਆਉਂਦਾ ਹੈ?

- ਇਹ ਬਿੱਲ, ਪ੍ਰਿੰਸੀਪਲਾਂ ਨੂੰ ਨਵੀਆਂ, ਵਿਸ਼ੇਸ਼ ਜ਼ਿੰਮੇਵਾਰੀਆਂ ਦਿੰਦਾ ਹੈ। ਉਹਨਾਂ ਨੂੰ ਹੁਣ ਹੇਠਾਂ ਦਿੱਤੇ ਕੰਮ ਕਰਨ ਦੀ ਲੋੜ ਹੈ:
  - ਬੋਰਡ ਮੁਲਾਜ਼ਮ ਵੱਲੋਂ ਧੱਕੜਬਾਜ਼ੀ ਸਮੇਤ ਰਿਪੋਰਟ ਕੀਤੀ ਗਈ, ਕਿਸੇ ਵੀ ਘਟਨਾ ਦੀ ਜਾਂਚ ਕਰਨਾ, ਜਿਸ ਕਰਕੇ ਕਿ ਵਿਦਿਆਰਥੀ ਨੂੰ ਮੁਅੱਤਲ ਜਾਂ ਬਾਹਰ ਕੱਢਿਆ ਜਾ ਰਿਹਾ ਹੈ।
  - ਉਹਨਾਂ ਵਿਦਿਆਰਥੀਆਂ, ਜਿਹਨਾਂ ਨੇ ਕਿਸੇ ਹੋਰ ਵਿਦਿਆਰਥੀ ਨੂੰ ਨੁਕਸਾਨ ਪਹੁੰਚਿਆ ਸੀ, ਦੇ ਮਾਤਾ-ਪਿਤਾ ਨੂੰ ਘਟਨਾ ਬਾਰੇ ਦੱਸਣਾ, ਜਿਸ ਵਿੱਚ ਵਿਦਿਆਰਥੀਆਂ ਦਾ ਵਿਹਾਰ, ਉਹਨਾਂ ਨੂੰ ਮੁਅੱਤਲ ਕੀਤੇ ਜਾਣ ਜਾਂ ਸਕੂਲੋਂ ਕੱਢੇ ਜਾਣ ਦਾ ਕਾਰਣ ਬਣ ਸਕਦਾ ਹੈ। ਇਸ ਤੋਂ ਅਲਾਵਾ, ਮਾਤਾ-ਪਿਤਾ ਨੂੰ, ਉਹਨਾਂ ਦੇ ਬੱਚਿਆਂ ਨੂੰ ਦਿਤੀ ਜਾਣ ਵਾਲੀ ਸਹਾਇਤਾ, ਬਾਰੇ ਗੱਲਬਾਤ ਕਰਨ ਲਈ ਬੁਲਾਉਣਾ।
  - ਉਸ ਵਿਦਿਆਰਥੀ, ਜਿਸਨੂੰ ਕਿ ਘਟਨਾ ਵਿੱਚ ਨੁਕਸਾਨ ਪਹੁੰਚਿਆ ਸੀ, ਦੇ ਮਾਤਾ-ਪਿਤਾਸਰਪ੍ਰਸਤ ਨੂੰ ਉਸ ਸਹਾਇਤਾ, ਬਾਰੇ ਗੱਲਬਾਤ ਕਰਨ ਲਈ ਬੁਲਾਉਣਾ, ਜੋ ਉਹਨਾਂ ਦੇ ਬੱਚਿਆਂ ਨੂੰ ਦਿੱਤੀ ਜਾਏਗੀ। ਪ੍ਰਿੰਸੀਪਲਾਂ ਵਲੋਂ ਪਹਿਲਾਂ ਹੀ ਇਹਨਾਂ ਮਾਤਾ-ਪਿਤਾ ਨੂੰ ਸੂਚਿਤ ਕੀਤੇ ਜਾਣ ਦੀ ਲੋੜ ਸੀ।
  - ਅਧਿਆਪਕਾਂ ਅਤੇ ਜਿਥੇ ਢੁਕਵਾਂ ਹੋਇਆ ਬੋਰਡ ਦੇ ਹੋਰ ਮੁਲਾਜ਼ਮਾਂ ਨਾਲ ਗੱਲਬਾਤ ਕਰਨੀ, ਜਿਹਨਾਂ ਨੇ ਘਟਨਾ ਬਾਰੇ ਦੱਸਿਆ ਸੀ, ਜਿਸ ਕਰਕੇ ਕਿ ਵਿਦਿਆਰਥੀ ਨੂੰ ਮੁਅੱਤਲ ਕੀਤਾ ਜਾਂ ਬਾਹਰ ਕੱਢਿਆ ਜਾ ਸਕਦਾ ਸੀ। ਪ੍ਰਿੰਸੀਪਲਾਂ ਨੂੰ, ਉਹਨਾਂ ਨੂੰ ਘਟਨਾ ਬਾਰੇ ਆਪਣੀ ਜਾਂਚ ਦੇ ਨਤੀਜਿਆਂ ਬਾਰੇ ਦੱਸਣਾ ਪਏਗਾ।

## ਬਿੱਲ 13 ਬੋਰਡਾਂ ਅਤੇ ਸਕੂਲਾਂ ਦੀ, ਮਾਤਾ-ਪਿਤਾ, ਵਿਦਿਆਰਥੀਆਂ ਅਤੇ ਹੋਰ ਸਟਾਫ਼ ਅਤੇ ਹਿੱਸੇਦਾਰਾਂ ਨੂੰ ਜੋੜਣ ਵਿੱਚ ਕਿਵੇਂ ਸਹਾਇਤਾ ਕਰਦਾ ਹੈ?

ਇਹ ਬਿੱਲ, ਸਕੂਲ ਰਾਹੀਂ ਆਪਣੇ ਬੱਚਿਆਂ ਲਈ ਉਪਲਬਧ ਸਹਾਇਤਾ ਅਤੇ ਸਕੂਲ ਦੇ ਮਾਹੌਲ ਨੂੰ ਹੋਰ ਉਸਾਰੂ ਬਣਾਉਣ ਲਈ ਸਕੂਲ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਬਾਰੇ ਹੋਰ ਜਾਣਨ ਵਿੱਚ ਮਾਤਾ-ਪਿਤਾ ਦੀ ਮਦਦ ਕਰਦਾ ਹੈ।

ਬੋਰਡਾਂ ਨੂੰ ਇਹ ਕਰਨ ਦੀ ਲੋੜ ਹੈ:

- ਮਾਤਾ-ਪਿਤਾ ਨੂੰ, ਉਹਨਾਂ ਦੇ ਬੱਚਿਆਂ ਨੂੰ ਮਿਲ ਰਹੀ ਸਹਾਇਤਾ ਬਾਰੇ, ਜੇ ਚਿੰਤਾਵਾਂ ਹਨ, ਤਾਂ ਪਾਲਣਾ ਕਰਨ ਲਈ, ਇਕ ਅਮਲ ਤਿਆਰ ਕਰਨਾ।
- ਇੱਕ ਅਮਲ ਤਿਆਰ ਕਰਨਾ, ਜਿਸ ਨਾਲ ਵਿਦਿਆਰਥੀਆਂ, ਮਾਤਾ-ਪਿਤਾ ਅਤੇ ਹੋਰਨਾਂ ਨੂੰ ਧੱਕੜਬਾਜ਼ੀ ਦੀਆਂ ਘਟਨਾਵਾਂ ਦੀ ਸੁਰਖਿਅਤ ਢੰਗ ਨਾਲ ਰਿਪੋਰਟ ਕਰਨ ਦਾ ਮੌਕਾ ਮਿਲੇ।
- ਘੱਟੋ-ਘੱਟ ਹਰ ਦੋ ਸਾਲਾਂ ਤੇ ਸਟਾਫ਼, ਵਿਦਿਆਰਥੀਆਂ ਅਤੇ ਮਾਤਾ-ਪਿਤਾ ਦੇ ਸਕੂਲ ਦੇ ਮਾਹੌਲ ਸਬੰਧੀ ਸਰਵੇਖਣ ਕਰਾਉਣਾ।
- ਮਾਤਾ-ਪਿਤਾ ਨੂੰ, ਵਿਦਿਆਰਥੀ ਦੀ ਸੁਰਖਿਆ ਅਤੇ ਸਕੂਲ ਦੇ ਮਾਹੌਲ ਬਾਰੇ ਜਾਣਨ ਲਈ ਹੋਰ ਮੌਕਿਆਂ ਦੀ ਪੇਸ਼ਕਸ਼ ਕਰਨਾ।

ISBN 978-1-4606-1142-5 (PDF) (Punjabi) © ਓਨਟਾਰੀਓ ਲਈ ਕੁਈਨਜ਼ ਪ੍ਰਿੰਟਰ, 2013



Ontario

## ਬਿੱਲ 13 ਵਿਦਿਆਰਥੀਆਂ ਦੀ ਸਹਾਇਤਾ ਕਿਵੇਂ ਕਰਦਾ ਹੈ?

ਬਿੱਲ 13 ਵਿੱਚ ਲੋੜ ਹੈ ਕਿ:

- ਸਕੂਲ, ਉਹਨਾਂ ਵਿਦਿਆਰਥੀਆਂ ਨੂੰ ਸਹਾਇਤਾ ਉਪਲਬਧ ਕਰਾਏ, ਜੋ ਅਣਉਚਿਤ ਵਿਹਾਰ ਕਰਦੇ ਹਨ ਜਾਂ ਅਣਉਚਿਤ ਵਿਹਾਰ ਤੋਂ ਪ੍ਰਭਾਵਿਤ ਹੋਏ ਹਨ।
- ਸਕੂਲ, ਸ਼ਿਕਾਰ ਹੋਏ ਅਤੇ ਧੱਕਾਸ਼ਾਹੀ ਕਰਨ ਵਾਲਿਆਂ ਦੋਹਾਂ, ਅਤੇ ਜਿਹਨਾਂ ਨੇ ਘਟਨਾ ਵੇਖੀ ਸੀ, ਲਈ ਪ੍ਰੋਗਰਾਮ, ਦਖ਼ਲਅੰਦਾਜ਼ੀਆਂ ਜਾਂ ਹੋਰ ਸਹਾਇਤਾ ਉਪਲਬਧ ਕਰਾਏ।
- ਸਕੂਲ, ਵਿਦਿਆਰਥੀਆਂ ਨੂੰ ਧੱਕੜਬਾਜ਼ੀ ਦੀਆਂ ਘਟਨਾਵਾਂ ਦੀ ਸੁਰਖਿਅਤ ਤਰੀਕੇ ਨਾਲ ਰਿਪੋਰਟ ਕਰਨ ਦੇ ਤਰੀਕੇ ਉਪਲਬਧ ਕਰਾਉਣ।
- ਬੋਰਡ ਅਤੇ ਸਕੂਲ, ਵਿਦਿਆਰਥੀਆਂ ਨੂੰ ਆਪਣੇ ਸਕੂਲ ਵਿੱਚ ਹੇਠਾਂ ਦਿੱਤੇ ਵਿਸ਼ਿਆਂ ਬਾਰੇ ਸਾਰੇ ਵਿਦਿਆਰਥੀਆਂ ਵਿੱਚ ਜਾਗਰੂਕਤਾ ਅਤੇ ਸੂਝ-ਬੂਝ ਨੂੰ ਵਧਾਉਣ ਲਈ ਸਮੂਹ ਬਣਾਉਣ ਦੀ ਆਗਿਆ ਦੇਣ:
  - ❍ ਨਸਲਪ੍ਰਸਤੀ ਦਾ ਵਿਰੋਧ;
  - ❍ ਅਪੰਗ ਲੋਕ;
  - ❍ ਲਿੰਗ ਬਰਾਬਰੀ;
  - ❍ ਜਿਣਸੀ ਰੁਝਾਣ ਅਤੇ ਲਿੰਗ ਪਛਾਣ।

    ਇਹਨਾਂ ਸਮੂਹਾਂ ਵਿੱਚ ਗੇ-ਸਟ੍ਰੇਟ ਅਲਾਈਂਸਿਜ਼ (GSAs) ਸ਼ਾਮਿਲ ਹੋ ਸਕਦੇ ਹਨ।

ਬੋਰਡ ਅਤੇ ਪ੍ਰਿੰਸੀਪਲ, ਵਿਦਿਆਰਥੀਆਂ ਨੂੰ GSA ਜਾਂ ਕਿਸੇ ਹੋਰ ਨਾਂ, ਜਿਸਨੂੰ ਵਿਦਿਆਰਥੀ ਇਹਨਾਂ ਸਮੂਹਾਂ ਲਈ ਚੁਣ ਸਕਦੇ ਹਨ, ਦੀ ਵਰਤੋਂ ਕਰਨ ਤੋਂ ਨਹੀਂ ਰੋਕ ਸਕਦੇ।

ਵਿਦਿਆਰਥੀ ਆਪਣੇ ਸਕੂਲ ਦੀਆਂ ਜ਼ਰੂਰਤਾਂ ਅਨੁਸਾਰ ਹੋਰ ਕਿਸਮ ਦੇ ਸਮੂਹ ਬਣਾ ਸਕਦੇ ਹਨ।

- ਵਿਦਿਆਰਥੀਆਂ ਦੀ ਅਗਵਾਈ ਵਾਲੇ ਸਮੂਹ ਦੇ ਨਾਂ ਨੂੰ ਸਕੂਲ ਦੇ ਮਾਹੌਲ ਨੂੰ ਉਸਾਰੂ ਬਣਾਉਣ ਲਈ ਮਦਦ ਕਰਨੀ ਚਾਹੀਦੀ ਹੈ, ਜੋ ਕਿ ਸ਼ਮੂਲੀਅਤ ਵਾਲਾ ਅਤੇ ਸਾਰੇ ਵਿਦਿਆਰਥੀਆਂ ਨੂੰ ਪ੍ਰਵਾਣ ਹੋਵੇ।

## ਬਿੱਲ 13 ਸਰਕਾਰੀ ਸਕੂਲਾਂ ਵਿੱਚ ਕਿਰਾਏ ਤੇ ਥਾਂ ਲੈਣ ਵਾਲੀਆਂ ਜਥੇਬੰਦੀਆਂ ਤੇ ਕਿਵੇਂ ਅਸਰ ਪਾਉਂਦਾ ਹੈ?

ਬਿੱਲ 13 ਖੇਡਾਂ ਬਾਰੇ ਲੀਗਾਂ ਅਤੇ ਭਾਈਚਾਰਕ ਸਮੂਹਾਂ ਵਰਗੀਆਂ ਤੀਜੀਆਂ ਧਿਰਾਂ ਤੋਂ ਚਾਹੁੰਦਾ ਹੈ ਕਿ ਉਹ ਸਰਕਾਰੀ ਸਕੂਲਾਂ ਵਿਚਲੀ ਥਾਂ ਦੀ ਵਰਤੋਂ ਕਰਨ ਵੇਲੇ ਵਿਹਾਰ ਦੇ ਉਹਨਾਂ ਮਿਆਰਾਂ ਦੀ ਪਾਲਣਾ ਕਰਨ, ਜੋ ਕਿ ਵਿਹਾਰ ਦੇ ਸੂਬਾਈ ਜ਼ਾਬਤੇ ਦੇ ਅਨੁਕੂਲ ਹੋਣ। ਇਹ ਕੋਡ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ ਕਿ ਸਕੂਲ ਭਾਈਚਾਰੇ ਦੇ ਸਾਰੇ ਮੈਂਬਰਾਂ ਨਾਲ ਸਤਿਕਾਰ ਅਤੇ ਮਾਣ ਵਾਲਾ ਵਿਹਾਰ ਕਰਨ, ਜੋ ਕਿ ਕਈ ਸਾਲਾਂ ਤੋਂ ਹੋਂਦ ਵਿੱਚ ਹਨ।

## "ਸੰਪੂਰਣ ਸਕੂਲ ਨਜ਼ਰੀਆ" ਸਕੂਲਾਂ ਨੂੰ ਸਿਖਣ ਲਈ ਬਿਹਤਰ ਥਾਵਾਂ ਕਿਵੇਂ ਬਣਾਉਂਦਾ ਹੈ?

ਸਕੂਲ ਵਿੱਚ ਉਸਾਰੂ ਅਤੇ ਵਿਆਪਕ ਮਾਹੌਲ ਉਸਾਰਣ ਲਈ "ਸੰਪੂਰਣ ਸਕੂਲ ਨਜ਼ਰੀਏ" ਦੀ ਲੋੜ ਪੈਂਦੀ ਹੈ, ਜੋ ਕਿ ਪੂਰੇ ਸਕੂਲ ਅਤੇ ਭਾਈਚਾਰੇ ਵਿੱਚ ਨਰੋਏ ਅਤੇ ਸਤਿਕਾਰ ਵਾਲੇ ਰਿਸ਼ਤਿਆਂ ਤੇ ਅਧਾਰਿਤ ਹੈ।

ਸੁਰਖਿਅਤ, ਵਿਆਪਕ ਅਤੇ ਅਨੁਕੂਲ ਸਕੂਲ, ਵਿਦਿਆਰਥੀਆਂ ਦੀ ਉਹਨਾਂ ਦੀ ਕਲਾਸ ਅਤੇ ਉਸ ਤੋਂ ਅਗਾਂਹ ਆਪਣੇ ਵੱਲੋਂ ਬਿਹਤਰ ਕਰਨ ਵਿੱਚ ਮਦਦ ਕਰਦੇ ਹਨ। ਹਰ ਕੋਈ ਸਰਕਾਰ, ਸਕੂਲ ਬੋਰਡਾਂ, ਸਕੂਲ ਦਾ ਸਟਾਫ਼, ਮਾਤਾ-ਪਿਤਾ, ਵਿਦਿਆਰਥੀ ਅਤੇ ਭਾਈਚਾਰੇ ਦੇ ਮੈਂਬਰਾਂ ਸਮੇਤ ਹਰ ਕਿਸੇ ਦੀ ਸੁਰਖਿਅਤ, ਸ਼ਮੂਲੀਅਤ ਵਾਲੇ ਅਤੇ ਅਨੁਕੂਲ ਸਕੂਲ ਬਣਾਉਣ ਵਿੱਚ ਇੱਕ ਭੂਮਿਕਾ ਹੈ।

ਰੱਲਕੇ ਅਸੀਂ, ਸਕੂਲ ਵਿੱਚ ਉਸਾਰੂ ਮਾਹੌਲ ਸਿਰਜ ਸਕਦੇ ਹਾਂ, ਜਿਸ ਨਾਲ ਸਾਰੇ ਵਿਦਿਆਰਥੀਆਂ ਨੂੰ ਸਿਖਣ, ਵਧਣ ਅਤੇ ਵਧਣ-ਫੁਲਣ ਵਿੱਚ ਮਦਦ ਮਿਲਦੀ ਹੈ।

## ਬਿੱਲ 13 ਵਿਆਪਕ ਕਾਰਜ ਯੋਜਨਾ ਦਾ ਹਿੱਸਾ ਹੈ

ਇਹ ਕਾਨੂੰਨ, ਬਰਾਬਰੀ ਅਤੇ ਸ਼ਮੂਲੀਅਤ ਵਾਲੀ ਸਿਖਿਆ ਅਤੇ ਸੁਰਖਿਅਤ ਸਕੂਲਾਂ ਸਬੰਧੀ ਸਾਡੀਆਂ ਰਣਨੀਤੀਆਂ ਤੇ ਬਣਿਆ ਹੋਇਆ ਹੈ। ਇਹ ਕਾਨੂੰਨ, ਵੱਡੀ ਕਾਰਵਾਈ ਯੋਜਨਾ ਦਾ ਹਿੱਸਾ ਹੈ, ਜਿਸ ਵਿੱਚ ਸ਼ਾਮਿਲ ਹਨ:

- ਸਕੂਲਾਂ ਵਿੱਚ ਹੋਰ ਮਾਨਸਿਕ ਸਿਹਤ ਵਰਕਰ ਲਿਆਉਣਾ ਅਤੇ ਪਿੰਡਾਂ ਅਤੇ ਦੂਰ-ਦੁਰਾਡੇ ਦੇ ਭਾਈਚਾਰਿਆਂ ਵਿਚਲੇ ਬੱਚਿਆਂ ਲਈ ਮਨੋਚਿਕਿਤਸਕ ਨਾਲ ਵੀਡੀਓ ਸਲਾਹਕਾਰੀ ਸੇਵਾਵਾਂ ਦਾ ਪਸਾਰ ਕਰਨਾ।
- ਓਨਟਾਰੀਓ ਦੀ ਪਾਠਕ੍ਰਮ ਕੌਂਸਲ ਦੀਆਂ ਸਿਫ਼ਾਰਸ਼ਾਂ ਤੇ ਬਣੇ ਸਮੁੱਚੇ ਪਾਠਕ੍ਰਮ ਵਿੱਚ ਹੋਰ ਬਰਾਬਰੀ ਅਤੇ ਸ਼ਮੂਲੀਅਤ ਵਾਲਾ ਸਿਖਿਆ ਸਿਧਾਂਤ ਅਤੇ ਧੱਕੜਬਾਜ਼ੀ ਰੋਕਣ ਬਾਰੇ ਰਣਨੀਤੀਆਂ ਨੂੰ ਸ਼ਾਮਿਲ ਕਰਨ ਦੇ ਤਰੀਕੇ ਲੱਭਣਾ।
- ਇਹ ਦਰਸਾਉਣ ਲਈ, ਲੋਕ ਜਾਗਰੂਕਤਾ ਮੁਹਿੰਮ ਸ਼ੁਰੂ ਕਰਨਾ, ਕਿ ਸਾਰੇ ਓਂਟਾਰੀਓ ਵਾਸੀਆਂ ਦੀ, ਧੱਕੜਬਾਜ਼ੀ ਨੂੰ ਰੋਕਣ ਵਿੱਚ ਭੂਮਿਕਾ ਹੈ।
- ਉਹਨਾਂ ਸ੍ਰੋਤਾਂ ਅਤੇ ਅਮਲਾਂ ਬਾਰੇ ਸਲਾਹ ਦੇਣ ਲਈ ਅਨੁਕੂਲ ਸਕੂਲਾਂ ਸਬੰਧੀ ਮਾਹਿਰਾਂ ਦਾ ਪੈਨਲ ਬਣਾਉਣਾ, ਜੋ ਕਿ ਧੱਕੜਬਾਜ਼ੀ ਨੂੰ ਰੋਕਣ ਅਤੇ ਦਖ਼ਲਅੰਦਾਜ਼ੀ ਸਮੇਤ ਸੰਪੂਰਣ ਸਕੂਲ ਦੇ ਨਜ਼ਰੀਏ ਤੇ ਧਿਆਨ ਕੇਂਦਰਿਤ ਕਰੇ।

## ਹੋਰ ਸੁਆਲ?

ਮਾਤਾ-ਪਿਤਾ, ਓਨਟਾਰੀਓ ਬਾਰੇ ਆੱਨਲਾਈਨ ਹੋਰ ਜਾਣਕਾਰੀ ਲੈ ਸਕਦੇ ਹਨ:

- ਇਸ ਵੈਬਸਾਈਟ ਤੇ ਅਨੁਕੂਲ ਸਕੂਲਾਂ ਲਈ ਕਾਰਵਾਈ-ਯੋਜਨਾ
  www.ontario.ca/acceptingschools
- ਇਸ ਵੈਬਸਾਈਟ ਤੇ ਸੁਰਖਿਅਤ ਸਕੂਲਾਂ ਬਾਰੇ ਰਣਨੀਤੀ
  www.edu.gov.on.ca/eng/parents/safekit.html
- ਇਸ ਵੈਬਸਾਈਟ ਤੇ ਬਰਾਬਰੀ ਅਤੇ ਸ਼ਮੂਲੀਅਤ ਵਾਲੀ ਸਿਖਿਆ ਬਾਰੇ ਰਣਨੀਤੀ
  www.edu.gov.on.ca/eng/policyfunding/equity.html
- ਇਸ ਵੈਬਸਾਈਟ ਤੇ ਵਿਹਾਰ ਦਾ ਸੂਬਾਈ ਜ਼ਾਬਤਾ
  www.edu.gov.on.ca/eng/safeschools/standards.html